# ਤੱਥ ਪੱਤ੍ਰਿਕਾ ਦਾ ਸੰਖੇਪ

## ਕੰਮ ਕਰਨ ਵਾਲੀ ਜਗ੍ਹਾ ਤੇ ਡਰਾਉਣਾ ਧਮਕਾਉਣਾ ਅਤੇ ਪਰੇਸ਼ਾਨ ਕਰਨਾ

### ਕੰਮ ਵਾਲੀ ਜਗ੍ਹਾ ਤੇ ਸਿਹਤਮੰਦ ਅਤੇ ਸੁਰੱਖਿਅਤ ਮਾਹੌਲ ਲਈ ਡਰਾਉਣ ਧਮਕਾਉਣ ਅਤੇ ਪਰੇਸ਼ਾਨ ਕਰਨ ਵਿਰੁੱਧ ਨੀਤੀਆਂ

ਵਰਕਸੇਫ਼ ਬੀ.ਸੀ. (WorkSafeBC) ਨੇ ਕੰਮ ਕਰਨ ਵਾਲੀ ਜਗ੍ਹਾ ਤੇ ਸਿਹਤਮੰਦ ਅਤੇ ਸੁਰੱਖਿਅਤ (OHS) ਮਾਹੌਲ ਲਈ ਡਰਾਉਣ ਧਮਕਾਉਣ ਅਤੇ ਪਰੇਸ਼ਾਨ ਕਰਨ ਵਿਰੁੱਧ ਤਿੰਨ ਨੀਤੀਆਂ ਸ਼ੁਰੂ ਕੀਤੀਆਂ ਹਨ। ਇਹ ਨੀਤੀਆਂ ਬ੍ਰਿਟਿਸ਼ ਕੋਲੰਬੀਆ ਵਿਚ ਸਾਰੇ ਮਾਲਕਾਂ, ਕਰਮਚਾਰੀਆਂ ਅਤੇ ਸੁਪਰਵਾਈਜ਼ਰਾਂ ਤੇ ਲਾਗੂ ਹੁੰਦੀਆਂ ਹਨ।

**ਇਹ ਨੀਤੀਆਂ 1 ਨਵੰਬਰ 2013 ਤੋਂ ਲਾਗੂ ਹੋਣਗੀਆਂ।**

### ਡਰਾਉਣ ਧਮਕਾਉਣ ਅਤੇ ਪਰੇਸ਼ਾਨ ਕਰਨ ਵਾਲੇ ਰਵੱਈਏ

ਡਰਾਉਣ ਧਮਕਾਉਣ ਅਤੇ ਪਰੇਸ਼ਾਨ ਕਰਨ ਵਾਲੇ ਰਵੱਈਏ ਵਿਚ ਚਿੱਲਾਉਣਾ, ਗਾਲ਼ਾਂ ਕੱਢਣੀਆਂ, ਕੰਮ ਸ਼ੁਰੂ ਕਰਨ ਸਮੇਂ ਦੀਆਂ ਨੁਕਸਾਨਦੇਹ ਰੀਤਾਂ, ਕਿਸੇ ਦੀਆਂ ਚੀਜ਼ਾਂ ਜਾਂ ਔਜ਼ਾਰਾਂ ਨੂੰ ਨੁਕਸਾਨ ਪਹੁੰਚਾਉਣਾ ਅਤੇ ਮੰਦ ਭਾਵਨਾ/ਵੈਰ ਵਿਰੋਧ ਵਾਲੀਆਂ ਅਫ਼ਵਾਹਾਂ ਫੈਲਾਉਣੀਆਂ।

### ਇਹ ਰਵੱਈਏ ਕੰਮ ਕਰਨ ਵਾਲੀ ਜਗ੍ਹਾ ਤੇ ਡਰਾਉਣ ਧਮਕਾਉਣ ਅਤੇ ਪਰੇਸ਼ਾਨ ਕਰਨ ਵਾਲੇ ਨਹੀਂ ਸਮਝੇ ਜਾਂਦੇ

ਜਾਇਜ਼ ਪ੍ਰਬੰਧਕੀ ਕਾਰਵਾਈ ਨੂੰ ਡਰਾਉਣ ਧਮਕਾਉਣ ਅਤੇ ਪਰੇਸ਼ਾਨ ਕਰਨ ਵਾਲੇ ਰਵੱਈਏ ਨਾਲ ਨਹੀਂ ਮਿਲਾਉਣਾ ਚਾਹੀਦਾ। ਇਸ ਵਿਚ ਕੰਮ ਦੀਆਂ ਡਿਊਟੀਆਂ, ਕੰਮ ਦੀ ਵੰਡ, ਕੰਮ ਲਈ ਸਮੇਂ ਦੀ ਹੱਦ, ਟਰਾਂਸਫ਼ਰ, ਪੁਨਰ ਗਠਨ, ਕੰਮ ਲਈ ਹਦਾਇਤਾਂ ਜਾਂ ਜਾਣਕਾਰੀ, ਕੰਮ ਦਾ ਮੁਲਾਂਕਣ, ਪ੍ਰਦਰਸ਼ਨ ਸਬੰਧੀ ਪ੍ਰਬੰਧ ਅਤੇ ਅਨੁਸ਼ਾਸਨਿਕ ਕਾਰਵਾਈ ਲਈ ਚੁੱਕੇ ਕਦਮ ਸ਼ਾਮਲ ਹਨ।

### ਕੰਮ ਕਰਨ ਵਾਲੀ ਜਗ੍ਹਾ ਤੇ ਡਰਾਉਣ ਧਮਕਾਉਣ ਅਤੇ ਪਰੇਸ਼ਾਨ ਕਰਨ ਵਾਲੇ ਰਵੱਈਏ ਨੂੰ ਰੋਕਣ ਲਈ ਕਾਨੂੰਨੀ ਡਿਊਟੀਆਂ

ਕੰਮ ਕਰਨ ਵਾਲੀ ਜਗ੍ਹਾ ਤੇ ਡਰਾਉਣ ਧਮਕਾਉਣ ਅਤੇ ਪਰੇਸ਼ਾਨ ਕਰਨ ਵਾਲੇ ਰਵੱਈਏ ਨੂੰ ਰੋਕਣ ਲਈ ਵਰਕਰਜ਼ ਕੰਪੈਨਸੇਸ਼ਨ ਐਕਟ (*Workers Compensation Act*) ਥੱਲੇ ਮਾਲਕ, ਕਰਮਚਾਰੀ ਅਤੇ ਸੁਪਰਵਾਈਜ਼ਰ ਸਭ ਦੀਆਂ ਡਿਊਟੀਆਂ ਹਨ। ਕੰਮ ਕਰਨ ਵਾਲੀ ਜਗ੍ਹਾ ਤੇ ਸਭ ਲਈ ਜਾਇਜ਼ ਕਾਰਵਾਈ ਕਰਨ ਲਈ OHS ਦੀਆਂ ਨੀਤੀਆਂ ਵਿਚ ਪੱਕੀਆਂ ਕਾਨੂੰਨੀ ਡਿਊਟੀਆਂ ਨਿਸ਼ਚਿਤ ਕੀਤੀਆਂ ਗਈਆਂ ਹਨ। ਤੁਸੀਂ ਇਨ੍ਹਾਂ ਨੀਤੀਆਂ ਨੂੰ ਧਿਆਨ ਨਾਲ ਪੜ੍ਹੋ ਤਾਂ ਕਿ ਤੁਸੀਂ ਆਪਣੀਆਂ ਡਿਊਟੀਆਂ ਬਾਰੇ ਸਮਝ ਸਕੋ।

### ਕੰਮ ਕਰਨ ਵਾਲੀ ਜਗ੍ਹਾ ਤੇ ਡਰਾਉਣ ਧਮਕਾਉਣ ਅਤੇ ਪਰੇਸ਼ਾਨ ਕਰਨ ਦੀ ਪਰਿਭਾਸ਼ਾ

ਕੰਮ ਕਰਨ ਵਾਲੀ ਜਗ੍ਹਾ ਤੇ ਹੋਏ ਹਰ ਇੱਕ ਅਣਸੁਖਾਵੇਂ ਬੋਲ ਚਾਲ, ਨਿਰਾਦਰ ਭਰੇ ਰਵੱਈਏ ਜਾਂ ਕੰਮ ਕਰਨ ਵਾਲੀ ਜਗ੍ਹਾ ਤੇ ਮਤਭੇਦ ਨੂੰ ਡਰਾਉਣ ਧਮਕਾਉਣ ਅਤੇ ਪਰੇਸ਼ਾਨ ਕਰਨ ਵਾਲਾ ਰਵੱਈਆ ਨਹੀਂ ਕਹਿ ਸਕਦੇ। OHS ਦੀਆਂ ਨੀਤੀਆਂ ਵਿਚ ਡਰਾਉਣ ਧਮਕਾਉਣ ਅਤੇ ਪਰੇਸ਼ਾਨ ਕਰਨ ਵਾਲੇ ਰਵੱਈਏ ਦੀ ਕਾਨੂੰਨੀ ਪਰਿਭਾਸ਼ਾ ਦਿੱਤੀ ਗਈ ਹੈ ਜਿਸ ਵਿਚ ਅਪਮਾਨਜਨਕ ਜਾਂ ਡਰਾਉਣ ਧਮਕਾਉਣ ਵਾਲਾ ਵਰਤਾਓ ਸ਼ਾਮਲ ਹੈ ਪਰ ਜਾਇਜ਼ ਪ੍ਰਬੰਧਕੀ ਕਾਰਵਾਈ ਸ਼ਾਮਲ ਨਹੀਂ। ਤੁਸੀਂ ਇਸ ਪਰਿਭਾਸ਼ਾ ਨੂੰ ਧਿਆਨ ਨਾਲ ਪੜ੍ਹੋ ਅਤੇ ਸਮਝੋ ਕਿ ਇਸ ਅਨੁਸਾਰ ਕੰਮ ਕਰਨ ਵਾਲੀ ਜਗ੍ਹਾ ਤੇ ਡਰਾਉਣ ਧਮਕਾਉਣ ਅਤੇ ਪਰੇਸ਼ਾਨ ਕਰਨ ਵਾਲਾ ਰਵੱਈਆ ਕੀ ਹੈ ਅਤੇ ਕੀ ਨਹੀਂ।

## ਇਨ੍ਹਾਂ ਨੀਤੀਆਂ ਨੂੰ ਲਾਗੂ ਕਰਨ ਵਿਚ ਵਰਕਸੇਫ਼ ਬੀ.ਸੀ. ਦੀ ਜ਼ਿੰਮੇਵਾਰੀ

ਵਰਕਸੇਫ਼ ਬੀ.ਸੀ. ਦੇ ਅਫ਼ਸਰ ਕੰਮ ਕਰਨ ਵਾਲੀਆਂ ਜਗ੍ਹਾਂ ਦੀ ਇਹ ਜਾਣਨ ਲਈ ਇਨਸਪੈਕਸ਼ਨ ਕਰਨਗੇ ਕਿ ਮਾਲਕ ਨੇ ਕੰਮ ਕਰਨ ਵਾਲੀ ਜਗ੍ਹਾ ਤੇ ਡਰਾਉਣ ਧਮਕਾਉਣ ਅਤੇ ਪਰੇਸ਼ਾਨ ਕਰਨ ਵਾਲੇ ਰਵੱਈਏ ਨੂੰ ਰੋਕਣ ਲਈ ਅਸਰਦਾਰ ਪ੍ਰੋਗਰਾਮ ਬਣਾਉਣ ਅਤੇ ਲਾਗੂ ਕਰਨ ਲਈ ਜਾਇਜ਼ ਕਦਮ ਚੁੱਕੇ ਹਨ ਕਿ ਨਹੀਂ।

## ਵਰਕਸੇਫ਼ ਬੀ.ਸੀ. ਦੇ ਸਰੋਤ

ਨੀਤੀਆਂ ਬਾਰੇ ਜਾਣਕਾਰੀ ਅਤੇ ਮਾਲਕ, ਕਰਮਚਾਰੀ ਜਾਂ ਸੁਪਰਵਾਈਜ਼ਰ ਹੋਣ ਦੇ ਨਾਤੇ ਤੁਸੀਂ ਆਪਣੀ ਕਾਨੂੰਨੀ ਜ਼ਿੰਮੇਵਾਰੀ ਕਿਵੇਂ ਨਿਭਾ ਸਕਦੇ ਹੋ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਇਹ www.worksafebc.com/bullying ਵੈੱਬਸਾਈਟ ਦੇਖੋ।

ਹੇਠ ਲਿਖਿਆਂ ਸਰੋਤਾਂ ਤੋਂ ਵੀ ਅਨੁਵਾਦ ਦੀਆਂ ਸੇਵਾਵਾਂ ਉਪਲਬਧ ਹਨ:

**ਵਰਕਸੇਫ਼ ਬੀ.ਸੀ. ਪ੍ਰੀਵੈਂਸ਼ਨ ਇਨਫ਼ਰਮੇਸ਼ਨ ਲਾਈਨ (WorkSafeBC Prevention Information Line)**
ਕੈਨੇਡਾ ਵਿਚ ਮੁਫ਼ਤ ਫ਼ੋਨ: 1.888.621.7233

**ਮਾਲਕਾਂ ਦੇ ਸਲਾਹਕਾਰਾਂ ਦੇ ਦਫ਼ਤਰ (Employers' Advisers Office) ਦੀ ਵੈੱਬਸਾਈਟ ਅਤੇ ਫ਼ੋਨ:**
www.labour.gov.bc.ca/eao/
1.800.925.2233

**ਕਰਮਚਾਰੀਆਂ ਦੇ ਸਲਾਹਕਾਰ ਦੇ ਦਫ਼ਤਰ (Workers' Advisers Office) ਦੀ ਵੈੱਬਸਾਈਟ ਅਤੇ ਫ਼ੋਨ:**
www.labour.gov.bc.ca/wab/
1.800.663.4261